**ਸ਼੍ਰੇਣੀ ਬਾਰ੍ਹਵੀਂ**

**ਪ੍ਰਸ਼ਨ-ਪੱਤਰ(1)**

**ਪੰਜਾਬੀ (ਇਲੈਕਟਿਵ)**

**ਸੁਣਨ ਤੇ ਬੋਲਣ ਤੋਂ ਅਸਮਰਥ ਵਿਦਿਆਰਥੀਆਂ ਲਈ**

**ਵੱਧ ਤੋਂ ਵੱਧ ਅੰਕ:90**

**ਆਂਤਰਿਕ ਮੁਲਾਂਕਣ: 10**

**ਕੁੱਲ:100**

**ਵਸਤੂਨਿਸ਼ਠ ਪ੍ਰਸ਼ਨ:**

**1 ਤੋਂ 21 ਤੱਕ ਹਰੇਕ ਵਸਤੂਨਿਸ਼ਠ ਪ੍ਰਸ਼ਨ ਦੇ 2 ਅੰਕ ਹਨ।**

**ਬਹੁਚੋਣਵੇਂ ਪ੍ਰਸ਼ਨ:**

1. 'ਇਛਾ ਪੂਰਕੁ ਸਰਬ ਸੁਖ ਦਾਤਾ' ਸ਼ਬਦ/ਸਲੋਕ/ਕਵਿਤਾ ਦਾ ਕਵੀ/ ਰਚਣਹਾਰ ਕੌਣ ਹੈ?
   (ੳ) ਗੁਰੂ ਨਾਨਕ ਦੇਵ ਜੀ (ਅ) ਵਜੀਦ
   (ੲ) ਗੁਰੂ ਰਾਮਦਾਸ ਜੀ (ਸ) ਸ਼ੇਖ਼ ਫ਼ਰੀਦ ਜੀ। 2
2. 'ਨਾ ਕਰ ਖ਼ੁਦੀ ਗੁਮਾਨ ਜੁਆਨ ਮਰ ਜਹਿੰਗਾ' ਸਲੋਕ ਵਿੱਚ ਵਜੀਦ ਜੀ ਜੁਆਨ ਨੂੰ ਕੀ ਸੁਨੇਹਾ ਦਿੰਦੇ ਹਨ?
   (ੳ) ਹੰਕਾਰੀ ਬਣਨ ਦਾ (ਅ) ਜਵਾਨੀ ਹੰਢਾਉਣ ਦਾ
   (ੲ) ਖ਼ੁਦੀ ਗੁਮਾਨ ਦੇ ਤਿਆਗ ਦਾ (ਸ) ਆਪਣਾ ਕੰਮ ਆਪ ਕਰਨ ਦਾ। 2
3. ਗੁਰੂ ਅਮਰ ਦਾਸ ਜੀ ਕਿਹੜੀ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹਨ?
   (ੳ) ਬੀਰ ਕਾਵਿ-ਧਾਰਾ (ਅ) ਗੁਰਮਤਿ ਕਾਵਿ-ਧਾਰਾ
   (ੲ) ਕਿੱਸਾ ਕਾਵਿ-ਧਾਰਾ (ਸ) ਆਧੁਨਿਕ ਕਾਵਿ-ਧਾਰਾ। 2
4. ਪੂਰਨ ਸਿੰਘ ਨੂੰ ਉਸ ਦੇ ਦੋਸਤ ਕੀ ਸਮਝਦੇ ਸਨ?
   (ੳ) ਬਹੁਤ ਅਕਲਮੰਦ (ਅ) ਵੱਡਾ ਲਿਖਾਰੀ
   (ੲ) ਵਫ਼ਾਦਾਰ ਮਿੱਤਰ (ਸ) ਨੀਮ ਪਾਗਲ। 2
5. ਹੇਠ ਲਿਖੀਆਂ ਤੁਕਾਂ ਵਿੱਚ ਕਿਹੜਾ ਅਲੰਕਾਰ ਹੈ?
   ਹੁਸਨ ਓਸ ਦਾ ਮੈਂ ਕੀ ਆਖਾਂ
   ਤੱਕਣ ਨਾਲ਼ ਪੈਂਦੀਆਂ ਲਾਸਾਂ।
   (ੳ) ਰੂਪਕ (ਅ) ਉਪਮਾ (ੲ) ਅਤਿਕਥਨੀ (ਸ) ਦ੍ਰਿਸ਼ਟਾਂਤ। 2

**ਖ਼ਾਲੀ ਥਾਂਵਾਂ ਭਰੋ:**

6. ਆਪਣਾ ਅੰਤ ਨੇੜੇ ਆਉਂਦਾ ਜਾਣ ਕੇ ..................ਦਾ ਪਿਤਾ ਕਾਸ਼ੀ ਚਲਾ ਗਿਆ। 2
7. ਡਾ. ਮਹਿੰਦਰ ਸਿੰਘ ਰੰਧਾਵਾ ਦਾ ਥੀਸਿਸ ..................ਦੀਆਂ ਕਾਹੀਆਂ 'ਤੇ ਸੀ। 2
8. ਸਿੰਬਾ ..................ਦੀਆਂ ਲਈ ਹਮੇਸ਼ਾਂ ਕਾਹਲ਼ਾ ਹੁੰਦਾ ਸੀ। 2

9. 'ਕੈ ਬਾਗ ਦੀ ਮੂਲੀ' ..................ਕਿਸ ਦੀ ਰਚਨਾ ਹੈ। 2

10. ..................ਦੀਆਂ ਨੇ ਨਾਟਕ ਨੂੰ 'ਜੀਵਨ ਦੀ ਨਕਲ' ਕਿਹਾ ਹੈ। 2

ਹੇਠ ਲਿਖਿਆਂ ਵਿੱਚੋਂ ਕਿਹੜੇ ਕਥਨ ਸਹੀ ਹਨ ਤੇ ਕਿਹੜੇ ਗ਼ਲਤ:

11. ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿੱਚ ਕਿਸੇ ਦਾ ਕੋਈ ਦਖ਼ਲ ਨਹੀਂ। 2

12. 'ਫਕੜ ਜਾਤ ਫਕੜੁ ਨਾਉ' ਗੁਰੂ ਅੰਗਦ ਦੇਵ ਜੀ ਦੀ ਰਚਨਾ ਹੈ। 2

13. ਬੁੱਲ੍ਹੇ ਸ਼ਾਹ ਕਿੱਸਾ- ਕਾਵਿ ਨਾਲ਼ ਸੰਬੰਧਿਤ ਕਵੀ ਹਨ। 2

14. 'ਲਿਖਣ ਲੱਗੇ ਤਾਂ ਸੰਜਮ ਤੇ ਸੂਖਮ ਬਿਰਤੀ ਦੀ ਲੋੜ ਨਹੀਂ ਹੁੰਦੀ।' 2

15. ਸ੍ਵੈਜੀਵਨੀ ਦਾ ਜਨਮ ਨਿੱਜੀ ਅਨੁਭਵ ਨੂੰ ਸਿੱਧੇ, ਸਪਸ਼ਟ ਤੌਰ 'ਤੇ ਪੇਸ਼ ਕਰਨ ਦੀ ਲੋਚਾ ਵਿੱਚੋਂ ਹੋਇਆ ਹੈ। 2

16. ਬਹੁਤ ਵਧਾ ਚੜ੍ਹਾ ਕੇ ਬਿਆਨ ਕਰਨ ਦੀ ਕਾਵਿ-ਰੀਤ ਨਾਲ਼ 'ਅਤਿਕਥਨੀ' ਅਲੰਕਾਰ ਦੀ ਸਿਰਜਨਾ ਹੁੰਦੀ ਹੈ। 2

ਹੇਠ ਲਿਖਿਆਂ ਦਾ ਆਪਸ ਵਿੱਚ ਸਹੀ ਮਿਲਾਨ ਕਰੋ:

| | | | |
|---|---|---|---|
| 17. | ਉਲਟੇ ਹੋਰ ਜ਼ਮਾਨੇ ਆਏ | : ਗੁਰੂ ਅੰਗਦ ਦੇਵ ਜੀ | |
| | ਮਾਘਿ ਪੁਨੀਤ ਭਈ | : ਬੁੱਲ੍ਹੇ ਸ਼ਾਹ ਦੀ ਕਵਿਤਾ ਹੈ। | |
| | ਆਖਣੁ ਆਖਿ ਨ ਰਜਿਆ | : ਗੁਰੂ ਨਾਨਕ ਦੇਵ ਜੀ ਦੀ ਕਵਿਤਾ ਹੈ। | 2 |
| 18. | ਅਨਦੁ ਸੁਣਹੁ ਵਡਭਾਗੀ ਹੋ | : ਸ੍ਰੀ ਗੁਰੂ ਰਾਮਦਾਸ ਜੀ ਦੀ ਕਵਿਤਾ ਹੈ। | |
| | ਨਾਵਣ ਚਲੇ ਤੀਰਥੀ | : ਸ੍ਰੀ ਗੁਰੂ ਅਮਰਦਾਸ ਜੀ ਦੀ ਕਵਿਤਾ ਹੈ। | |
| | ਜਿਸ ਅੰਦਰਿ ਤਾਤਿ ਪਰਾਈ ਹੋਵੈ | : ਗੁਰੂ ਨਾਨਕ ਦੇਵ ਜੀ ਦੀ ਕਵਿਤਾ ਹੈ। | 2 |
| 19. | ਐਬਟਾਬਾਦ | : ਲੇਖ, ਅਜੀਤ ਕੌਰ ਦਾ ਲਿਖਿਆ ਲੇਖ ਹੈ। | |
| | ਮੁੜ੍ਹਕੇ ਦੀ ਖ਼ੁਸ਼ਬੋ | : ਲੇਖ, ਪ੍ਰੋ. ਪੂਰਨ ਸਿੰਘ ਦਾ ਲਿਖਿਆ ਲੇਖ ਹੈ। | |
| | ਮੇਰੀਆਂ ਧੀਆਂ ਮੇਰੇ ਥੰਭ | : ਲੇਖ, ਸਰਦਾਰਾ ਸਿੰਘ ਜੌਹਲ ਦਾ ਲਿਖਿਆ ਲੇਖ ਹੈ। | 2 |
| 20. | ਹਾਸ-ਰਸ ਦਾ ਸਥਾਈ ਭਾਵ | : ਉਤਸ਼ਾਹ ਹੈ। | |
| | ਬੀਰ-ਰਸ ਦਾ ਸਥਾਈ ਭਾਵ | : ਭੈ ਹੈ। | |
| | ਭਿਆਨਕ-ਰਸ ਦਾ ਸਥਾਈ ਭਾਵ | : ਹਾਸਾ ਹੈ। | 2 |
| 21. | ਚੌਪਈ | : ਵਰਨਿਕ ਛੰਦ ਹੈ। | |
| | ਬੈਂਤ | : ਮਾਤ੍ਰਿਕ ਛੰਦ ਹੈ। | |
| | ਕਬਿੱਤ | : ਮਾਤ੍ਰਿਕ ਛੰਦ ਹੈ। | 2 |

21×2=42

22. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹੁ॥

(ਅ) ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ॥
ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥
ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥

(ੲ) ਮਿਰਜ਼ੇ ਕਿੱਲੀਆਂ ਗੱਡੀਆਂ ਪੰਜੇ ਪੀਰ ਮਨਾ।
ਪੌੜੀ ਪੌੜੀ ਜੱਟ ਚੜ੍ਹ ਗਿਆ, ਉੱਪਰ ਚੜ੍ਹਿਆ ਜਾ।
ਉੱਪਰੋਂ ਸਾਹਿਬਾਂ ਉੱਤਰੀ, ਪੈ ਗਈ ਛਣਕਾਰ।

(ਸ) ਹੋਈ ਅਲੋਪ ਭਵਾਨੀ ਦੇਵਾਂ ਨੋ ਰਾਜ ਦੇ।
ਈਸਰ ਦੀ ਬਰਦਾਨੀ ਹੋਈ ਜਿਤ ਦਿਨ।
ਸੁੰਭ ਨਿਸੁੰਭ ਗੁਮਾਨੀ-ਜਨਮੇ ਸੂਰਮੇ।
ਇੰਦ੍ਰ ਦੀ ਰਾਜਧਾਨੀ ਤਕ ਜਿਤਨੀ।

2+6=8

23. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:

(ੳ) ਪਾਇਆ ਹੈ ਕਿਛੁ ਪਾਇਆ ਹੈ

(ਅ) ਕੋਈ ਬੋਲੈ ਰਾਮ ਰਾਮ ਕੋਈ ਖੁਦਾਇ

(ੲ) ਇਥੇ ਰਹਿਣਾ ਨਾਹੀ।

(ਸ) ਜੇਹੀ ਸੰਗਤ ਤੇਹਾ ਫਲ

6

24. ਪੰਜਾਬੀ ਦੇ ਬੀਰ-ਕਾਵਿ ਦਾ ਇਤਿਹਾਸ ਉਲੀਕੋ।

ਜਾਂ 12

ਗੁਰੂ ਅਰਜਨ ਦੇਵ ਜੀ ਦੀ ਕਾਵਿ-ਕਲਾ ਬਾਰੇ ਵੇਰਵੇ ਸਹਿਤ ਜਾਣਕਾਰੀ ਦਿਓ।

ਜਾਂ 12

ਸ਼ਾਹ ਮੁੰਹਮਦ ਦੇ ਜੀਵਨ ਤੇ ਰਚਨਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। 12

25. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ ਚਾਰ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:

(ੳ) ਪੂਰਨ ਸਿੰਘ ਦੀ ਮਾਂ ਨੇ ਅਟਕ ਦਰਿਆ ਨੂੰ 'ਜੀਊੜਾ' ਕਿਉਂ ਕਿਹਾ ਸੀ? 3

(ਅ) ਪ੍ਰਿੰ: ਤੇਜਾ ਸਿੰਘ ਇਤਿਹਾਸ-ਮਿਥਿਹਾਸ ਵੱਲ ਕਿਵੇਂ ਪ੍ਰੇਰਿਤ ਹੋਇਆ? 3

(ੲ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਸਵਿਸ ਲੋਕਾਂ ਦੀਆਂ ਕਿਹੜੀਆਂ-ਕਿਹੜੀਆਂ ਗੱਲਾਂ ਚੰਗੀਆਂ ਲੱਗੀਆਂ? 3

(ਸ) 'ਤਖ਼ਤ ਜਾਂ ਤਖ਼ਤਾ' ਨਾਂ ਦਾ ਪਾਠ ਡਾ: ਰੰਧਾਵਾ ਦੀ ਸ਼ਖ਼ਸੀਅਤ ਦੇ ਕਿਹੜੇ ਗੁਣ ਉਜਾਗਰ ਕਰਦਾ ਹੈ? 3

(ਹ) ਆਪਣੇ ਵਿਆਹ ਵਾਲ਼ੀ ਰਾਤ ਨੂੰ ਲੇਖਕਾ ਅੰਮ੍ਰਿਤਾ ਪ੍ਰੀਤਮ ਕਿਉਂ ਉਦਾਸ ਸੀ? 3

(ਕ) ਲੇਖਕਾ ਪ੍ਰਭਜੋਤ ਦੇ ਜਨਮ ਉਪਰੰਤ ਉਸ ਦੇ ਘਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਪ੍ਰਤਿਕਿਰਿਆ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। 3

(ਖ) 'ਚੰਡੀਗੜ੍ਹ ਵਿੱਚ ਨਿਯੁਕਤੀ' ਸ੍ਵੈਜੀਵਨੀ-ਅੰਸ਼ ਵਿੱਚ ਲੇਖਕ ਨੇ ਉੱਦਮ ਦੀ ਕਿਵੇਂ ਪ੍ਰਸੰਸਾ ਕੀਤੀ ਹੈ? 3

26. ਕਿਸੇ ਇੱਕ ਸਾਹਿਤ-ਰੂਪ ਬਾਰੇ ਨੋਟ ਲਿਖੋ:

(ੳ) ਕਵਿਤਾ

(ਅ) ਨਿੱਕੀ ਕਹਾਣੀ

(ੲ) ਇਕਾਂਗੀ 10